**ਵਿਸ਼ਾ–** **ਮਿਤੀ 14/8/2010 ਨੂੰ ਜਿਲ੍ਹਾ ਲੁਧਿਆਣਾ ਦੇ ਦੌਰੇ ਸਬੰਧੀ ।**

ਮਿਤੀ 14/8/2010 ਨੂੰ ਜਿਲ੍ਹਾ ਲੁਧਿਆਣਾ ਦਾ ਦੌਰਾ ਕੀਤਾ ਗਿਆ। ਸੰਸਥਾਵਾਈਜ ਪੋਜੀਸਨ ਹੇਠ ਲਿਖੇ ਅਨੁਸਾਰ ਹੈ :–

**1. ਪੀ.ਐਚ.ਸੀ. ਕੂਮਕਲਾਂ :**

(1) **ਏ.ਐਨ.ਐਮ ਬਾਰੇ** : ਇਹ ਇੱਕ ਬਲਾਕ ਪੀ.ਐਚ.ਸੀ. ਹੈ। ਇਥੇ ਏ.ਐਨ.ਐਮ. ਦੀ ਗਿਣਤੀ ਅਤੇ ਸਬ ਸੈਂਟਰਾਂ ਬਾਰੇ ਕਾਫੀ ਕਨਫਯੂਜਨ ਹੈ। ਸਿਵਲ ਸਰਜਨ ਨੇ ਦੱਸਿਆ ਕਿ ਇਨ੍ਹਾਂ ਸਾਰੀਆਂ ਮੁਸਕਲਾਂ ਨੂੰ ਉਨ੍ਹਾਂ ਵਲੋਂ ਜਲਦੀ ਹੀ ਹੱਲ ਕਰ ਲਿੱਤਾ ਜਾਵੇਗਾ। ਉਨ੍ਹਾਂ ਨੇ ਸੁਝਾਓ ਦਿੱਤਾ ਕਿ ਲੁਧਿਆਣੇ ਦੀ ਜੰਨ ਸੰਖਿਆ ਦੇ ਹਿਸਾਬ ਨਾਲ ਏ.ਐਨ.ਐਮ. ਦੀ ਗਿਣਤੀ ਫਿਕਸ ਕਰਕੇ ਪੂਰੀ ਸਥਿਤੀ ਸਪਸਟ ਕੀਤੀ ਜਾਵੇ। ਜੋ ਏ.ਐਨ.ਐਮ. ਦੀਆਂ ਖਾਲੀ ਆਸਾਮੀਆਂ ਹਨ ਪਹਿਲਾਂ ਉਹ ਲੁਧਿਆਣਾ ਸਹਿਰ ਲਈ ਭਰੀਆ ਜਾਣ। ਇਸ ਤੋਂ ਬਾਦ ਜੇਕਰ ਖਾਲੀ ਰਹਿੰਦੀਆਂ ਹਨ ਤਾਂ ਵੇਟਿੰਗ ਲਿਸਟ ਵਿਚੋ ਭਰੀਆ ਜਾਣ। (**ਸਿਵਲ ਸਰਜਨ/ਐਮ.ਡੀ. ਐਨ.ਆਰ.ਐਚ.ਐਮ**)

(2) **ਲੇਬਰ ਪ੍ਰੋਟੋਕੋਲ** : ਪੀ.ਐਚ.ਸੀ. ਅਤੇ ਸਬ ਸੈਂਟਰਾਂ ਵਿੱਚ ਲੋਕਾਂ ਦੀ ਸੁਵਿਧਾ ਲਈ ਲੇਬਰ ਪ੍ਰੋਟੋਕੋਲ ਦੀ ਸਪਲਾਈ ਠੀਕ ਤਰੀਕੇ ਨਾਲ ਨਹੀਂ ਭੇਜੀ ਗਈ। ਡਾ: ਭਾਟੀਆਂ ਇਸ ਨੂੰ ਵੇਖਣ ਅਤੇ ਇਸ ਨੂੰ ਸਾਰਟ ਆਊਟ ਕਰਨ ।(**ਐਮ.ਡੀ. ਐਨ.ਆਰ.ਐਚ.ਐਮ**)

(3) **ਬਲਾਕ ਸਟੈਟਿਸਟੀਕਲ ਐਸਿਸਟੈਂਟ** : ਸ੍ਰੀ ਹਰਪਾਲ ਸਿੰਘ, ਬਲਾਕ ਸਟੈਟਿਸਟੀਕਲ ਐਸਿਸਟੈਂਟ, ਜੋ ਡਿਯੂਟੀ ਤੋਂ ਗੈਰ–ਹਾਜਰ ਚੱਲ ਰਿਹਾ ਹੈ, ਉਸ ਨੂੰ ਇੱਕ ਮਹੀਨੇ ਦਾ ਟਰਮੀਨੇਸਨ ਦਾ ਨੋਟਿਸ ਦੇ ਦਿੱਤਾ ਜਾਵੇ। ਉਸ ਦੀ ਕਾਰ–ਗੁਜਾਰੀ ਵੀ ਇੰਨੀ ਅੱਛੀ ਨਹੀਂ ਹੈ। (**ਸਿਵਲ ਸਰਜਨ**)

(4) **ਡਾਕਟਰਜ :** ਡਾ: ਅਮਨਪ੍ਰੀਤ ਸਿੰਘ ਨੂੰ ਲਾਡੋਵਾਲ ਲਗਾਇਆ ਗਿਆ, ਦੀ ਬਦਲੀ ਕੈਂਸਲ ਕਰਕੇ ਕੂਮਕਲਾਂ ਲਗਾਇਆ ਜਾਵੇ। (**ਵਧੀਕ ਸਕੱਤਰ ਸਿਹਤ (ਜੀ)**)

(5) **ਅਲਟਰਾਸਾਊਂਡ:** ਏ.ਐਨ.ਸੀ. ਵਾਲੇ ਅਲਟਰਾਸਾਊਂਡ ਖਰੀਦ ਕੀਤੇ ਗਏ ਸਨ, ਉਨ੍ਹਾਂ ਦੀ ਅਜੇ ਪੇਮੈਂਟ ਆਦਿ ਵੀ ਕੀਤੀ ਜਾ ਰਹੀ ਹੈ। ਇਨ੍ਹਾਂ ਦੀ ਪੇਮੈਂਟ ਆਦਿ ਖਤਮ ਕਰਾਉਣ ਲਈ ਕਾਰਵਾਈ ਕੀਤੀ ਜਾਵੇ। (**ਐਮ.ਡੀ.ਪੀ.ਐਚ.ਐਸ.ਸੀ**)

**2. ਪੀ.ਐਚ.ਸੀ. ਹੰਬੜਾ :**

(1) ਸਾਰਾ ਸਟਾਫ ਹਾਜਰ ਸੀ। ਡਲੀਵਰੀ ਦਾ ਕੰਮ ਵੀ ਠੀਕ ਸੀ।

(2) **ਵਾਰਡ** : ਵਾਰਡ ਵਿੱਚ ਗੱਦੇ ਅਤੇ ਬੈਡ ਸੀਟ ਲਗਭਗ ਖਤਮ ਸਨ ਅਤੇ ਬਹੁਤ ਮਾੜੀ ਹਾਲਤ ਸੀ।ਸਿਵਲ ਸਰਜਨ ਇਸ ਦੀ ਵਿਸਥਾਰ ਨਾਲ ਪੜਤਾਲ ਕਰਨ ਕਿ ਇਸ ਪੀ.ਐਚ.ਸੀ. ਲਈ ਮਿਲੇ ਫੰਡਜ/ਗਰਾਂਟ ਦਾ ਸਹੀ ਇਸਤੇਮਾਲ ਕੀਤਾ ਗਿਆ ਹੈ ਜਾਂ ਨਹੀਂ ।(**ਸਿਵਲ ਸਰਜਨ**)

(2) **ਚੌਕੀਦਾਰ** : ਪੀ.ਐਚ.ਸੀ. ਵਿੱਚ ਮੌਜੂਦ ਸਟਾਫ ਨਰਸਾਂ ਨੇ ਦੱਸਿਆ ਕਿ ਰਾਤ ਨੂੰ ਸਕਿਊਰਟੀ ਨਾ ਹੋਣ ਕਾਰਨ ਬਹੁਤ ਮੁਸਕਲ ਪੇਸ ਆਉਂਦੀ ਹੈ। ਜੇਕਰ ਸਰਕਾਰ ਥੋੜੇ ਪੈਸਿਆਂ ਵਿੱਚ ਕੋਈ ਪ੍ਰਾਈਵੇਟ ਆਦਮੀ ਨੂੰ ਰਾਤ ਨੂੰ ਸੌਣ ਲਈ ਪ੍ਰਵਾਨਗੀ ਦੇ ਦੇਵੇ ਤਾਂ ਇਸ ਨਾਲ ਬਹੁਤ ਮੁਸਕਲ ਹੱਲ ਹੋ ਜਾਵੇਗੀ। ਇਸ ਲਈ ਇਸ ਸਬੰਧ ਵਿੱਚ ਤਜਵੀਜ ਭੇਜੀ ਜਾਵੇ।(ਸਿਵਲ ਸਰਜਨ) ।

(3) **ਡਾਕਟਰ** : ਪੀ.ਐਚ.ਸੀ. ਹੰਬੜਾਂ ਵਿਖੇ 2 ਡਾਕਟਰ ਹਨ। ਇੱਕ ਡਾਕਟਰ ਨੂੰ ਪੀ.ਐਚ.ਸੀ. ਸਵੱਧੀ ਵਿਖੇ ਸਿਫਟ ਕਰ ਦਿੱਤਾ ਜਾਵੇ।(**ਸਿਵਲ ਸਰਜਨ**)



**3. ਸਬ ਸੈਂਟਰ ਸਿਧਵਾਂ ਬੇਟ :**

(1) ਸਬ ਸੈਂਟਰ ਸਿੰਧਵਾਂ ਬੇਟ ਵਿਖੇ 3 ਏ.ਐਨ.ਐਮ. ਪੋਸਟਿਡ ਹਨ। ਜਦੋਂ ਕਿ ਸਰਕਾਰ ਦੀਆਂ ਹਦਾਇਤਾਂ ਮੁਤਾਬਕ 2 ਏ.ਐਨ.ਐਮ. ਪੋਸਟ ਹੋਣੀਆਂ ਚਾਹੀਦੀਆਂ ਹਨ।(**ਸਿਵਲ ਸਰਜਨ**)

(2) ਸਬ ਸੈਂਟਰ ਵਿੱਚ ਕਿੱਟ "ਏ ਅਤੇ ਕਿੱਟ "ਬੀ" ਦੀਆਂ ਦਵਾਈਆਂ ਖਤਮ ਹੋ ਚੁੱਕੀਆਂ ਹਨ ਅਤੇ ਦੋਨੋ ਪਿਛਲੇ ਸਾਲ ਮਿਤੀ 30-6-09 ਅਤੇ 19-11-09 ਨੂੰ ਆਈਆਂ ਸਨ। ਸੁਝਾਓ ਹੈ ਕਿ ਕਿਸੇ ਏ.ਐਨ.ਐਮ. ਨੂੰ ਪੁਛਿਆ ਜਾਵੇ ਕਿ ਸਬ ਸੈਂਟਰ ਵਿੱਚ ਕਿਹੜੀ ਦਵਾਈ ਦੀ ਜਰੂਰਤ ਹੈ, ਤਾਂ ਜੋ ਉਹ ਸਪਲਾਈ ਕੀਤੀਆਂ ਜਾਣ ਅਤੇ ਸਬ ਸੈਂਟਰ ਦੀ ਕਾਰਗੁਜਾਰੀ ਵਿੱਚ ਸੁਧਾਰ ਲਿਆਂਦਾ ਜਾ ਸਕੇ।(**ਸਿਵਲ ਸਰਜਨ**)

**4. ਸੀ.ਐਚ.ਸੀ. ਸਿਧਵਾਂ ਬੇਟ :**

(1) ਐਸ.ਐਮ.ਓ. ਵਿਨੋਦ ਕੁਮਾਰ ਬੇਰੀ ਉਥੇ ਕੰਮ ਕਰ ਰਹੇ ਹਨ। ਸੀ.ਐਚ.ਸੀ. ਦਾ ਕੰਮ ਬਹੁਤ ਅੱਛਾ ਸੀ। ਉਨ੍ਹਾਂ ਵਲੋਂ ਓ.ਪੀ.ਡੀ. ਨੂੰ ਮੋਨੀਟਰ ਕੀਤਾ ਜਾ ਰਿਹਾ ਹੈ।

(2) **ਓ.ਪੀ.ਡੀ. ਰੂਮ** : 2 ਓ.ਪੀ.ਡੀ. ਲਈ ਕਮਰੇ ਹਨ, ਜੋ ਘੱਟ ਹਨ। ਐਸ.ਐਮ.ਓ. ਨੇ ਦੱਸਿਆ ਕਿ ਜੋ ਵੱਡੇ ਵੱਡੇ ਹਾਲ ਹਨ, ਉਨ੍ਹਾਂ ਵਿਚੋ ਪਾਰਟੀਸਨ ਕਰਕੇ ਕੰਮ ਚਲਾਇਆ ਜਾ ਸਕਦਾ ਹੈ।(**ਸਿਵਲ ਸਰਜਨ**)

(3) **ਲੇਬਰ ਰੂਮ :** ਉਥੇ ਲੇਬਰ ਰੂਮ ਦੀ ਕਮੀ ਹੈ। ਜਿਥੇ ਐਮਰਜੈਂਸੀ ਚੱਲ ਰਹੀ ਹੈ ਹਾਲ ਦੀ ਘੜੀ ਉਸ ਨੂੰ ਹੀ ਲੇਬਰ ਰੂਮ ਵਜੋਂ ਵੀ ਵਰਤੋਂ ਕੀਤੀ ਜਾਵੇ। ਕਾਰਜਕਾਰੀ ਇੰਜੀਨੀਅਰ, ਪੀ.ਐਚ.ਐਸ.ਸੀ. ਤੁਰੰਤ ਉਥੇ ਵਿਜਿਟ ਕਰਨ ਅਤੇ ਉਥੇ ਪਰਾਪਰ ਲੇਬਰ ਰੂਮ ਅਤੇ ਐਮਰਜੰਸੀ ਵੱਖਰੇ ਵੱਖਰੇ ਬਣਾਏ ਜਾਣ। (**ਐਮ.ਡੀ. ਪੀ.ਐਚ.ਐਸ.ਸੀ.**)

**5. ਐਸ.ਐਮ.ਓ ਨਾਲ ਮੀਟਿੰਗ :**

ਸਾਮ 6.30 ਵਜੇ ਲੁਧਿਆਣਾ ਬਲਾਕ ਦੇ ਸਮੂਹ ਐਸ.ਐਮ.ਓ. ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਨੂੰ ਪੇਸ ਆ ਰਹੀਆਂ ਮੁਸਕਲਾਂ ਨੂੰ ਸੁਣਿਆ ਗਿਆ ਅਤੇ ਉਨ੍ਹਾਂ ਨੂੰ ਮੌਕੇ ਹੱਲ ਕੀਤਾ ਗਿਆ। ਵਿਜਿਟ ਦੌਰਾਨ ਜੋ ਵੀ ਮੁਸਕਲਾਂ/ਕਮੀਆਂ ਨਜਰ ਆਈਆਂ ਸਨ, ਉਨ੍ਹਾਂ ਬਾਰੇ ਦੱਸਿਆ ਗਿਆ ਅਤੇ ਉਨ੍ਹਾਂ ਨੂੰ ਤੁਰੰਤ ਹੱਲ ਕਰਨ ਦੇ ਉਪਰਾਲੇ ਕਰਨ ਲਈ ਆਦੇਸ ਦਿੱਤੇ ਗਏ।

(ਸਤੀਸ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ

ਪਿੰਠਅੰਕਣ ਨੰ: ਪੀ.ਐਸ/ਪੀ.ਐਸ.ਐਚ-2010/ ਮਿਤੀ ਚੰਡੀਗੜ੍ਹ

ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮਜ ਕਾਰਪੋਰੇਸਨ, ਮੋਹਾਲੀ,
2. ਮਿਸਨ ਡਾਇਰੈਕਟਰ, ਐਨ.ਆਰ.ਐਚ.ਐਮ. ਪੰਜਾਬ, ਚੰਡੀਗੜ੍ਹ,
3. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ,
4. ਡਾਇਰੈਕਟਰ, ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ,
5. ਵਧੀਕ ਸਕੱਤਰ ਸਿਹਤ (ਜੀ),
6. ਸਿਵਲ ਸਰਜਨ, ਲੁਧਿਆਣਾ ।

(ਸਤੀਸ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ